# India-France Strategic Dialogue

January 05, 2023

## ਭਾਰਤ ਅਤੇ ਫਰਾਂਸ ਦਾ ਰਣਨੀਤਕ ਵਾਰਤਾਲਾਪ

## 5 ਜਨਵਰੀ, 2023

ਭਾਰਤ ਦੇ ਪ੍ਰਧਾਨ ਮੰਤਰੀ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ, ਕੇਸੀ ਅਤੇ ਫਰਾਂਸ ਗਣਰਾਜ ਦੇ ਰਾਸ਼ਟਰਪਤੀ ਦੇ ਕੂਟਨੀਤਿਕ ਸਲਾਹਕਾਰ ਮਹਾਮਹਿਮ ਸ਼੍ਰੀਮਾਨ ਇਮੈਨੁਅਲ ਬੋਨੇ ਨੇ 5 ਜਨਵਰੀ, 2023 ਨੂੰ ਨਵੀਂ ਦਿੱਲੀ ਵਿੱਚ ਹੋਏ ਸਾਲਾਨਾ ਭਾਰਤ-ਫਰਾਂਸ ਰਣਨੀਤਕ ਵਾਰਤਾਲਾਪ ਦੀ ਸਹਿ-ਪ੍ਰਧਾਨਗੀ ਕੀਤੀ। ਸ਼੍ਰੀਮਾਨ ਬੋਨੇ ਨੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਵੀ ਮੁਲਾਕਾਤ ਕੀਤੀ।

ਰਣਨੀਤਕ ਵਾਰਤਾਲਾਪ ਅਤੇ ਮੀਟਿੰਗਾਂ ਦੌਰਾਨ ਭਾਰਤ ਅਤੇ ਫਰਾਂਸ ਨੇ ਨਿਯਮ-ਅਧਾਰਿਤ ਅੰਤਰਰਾਸ਼ਟਰੀ ਵਿਵਸਥਾ ਅਤੇ ਰਣਨੀਤਕ ਖੁਦਮੁਖਤਿਆਰੀ ਵਿੱਚ ਸਾਂਝੇ ਵਿਸ਼ਵਾਸਾਂ ਦੇ ਅਧਾਰ 'ਤੇ ਹਿੰਦ-ਪ੍ਰਸ਼ਾਂਤ ਵਿੱਚ ਸ਼ਾਂਤੀ, ਸਥਿਰਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਰਣਨੀਤਕ ਭਾਈਵਾਲੀ ਨੂੰ ਅੱਗੇ ਵਧਾਉਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਦੋਵਾਂ ਧਿਰਾਂ ਨੇ ਮੇਕ ਇਨ ਇੰਡੀਆ ਅਤੇ ਆਤਮਨਿਰਭਰ ਭਾਰਤ ਦੀਆਂ ਭਾਰਤੀ ਤਰਜੀਹਾਂ ਅਨੁਸਾਰ ਭਵਿੱਖ ਦੀਆਂ ਤਕਨਾਲੋਜੀਆਂ ਦੇ ਸਹਿ-ਵਿਕਾਸ ਸਮੇਤ ਰੱਖਿਆ ਸਹਿਯੋਗ ਦੇ ਦਾਇਰੇ ਦਾ ਵਿਸਥਾਰ ਕਰਦੇ ਹੋਏ ਆਲਮੀ ਸੁਰੱਖਿਆ ਮਾਹੌਲ ਬਾਰੇ ਚਰਚਾ ਕੀਤੀ। ਏਜੰਡੇ ਵਿੱਚ ਅਫਗਾਨਿਸਤਾਨ, ਅਫਰੀਕਾ, ਦੱਖਣ ਪੂਰਬੀ ਏਸ਼ੀਆ, ਯੂਰੇਸ਼ੀਆ ਦੀ ਸਥਿਤੀ, ਤੀਜੇ ਦੇਸ਼ ਸਹਿਯੋਗ;, ਹਿੰਦ- ਪ੍ਰਸ਼ਾਂਤ, ਪਰਮਾਣੂ ਊਰਜਾ, ਪੁਲਾੜ ਅਤੇ ਸਾਈਬਰ ਖੇਤਰਾਂ ਵਿੱਚ ਸਹਿਯੋਗ ਬਾਰੇ ਵੀ ਗੱਲਬਾਤ ਹੋਈ । ਦੋਵੇਂ ਧਿਰਾਂ ਨੇ ਦੱਖਣ ਪੱਛਮੀ ਹਿੰਦ ਮਹਾਸਾਗਰ ਖੇਤਰ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਦੁਵੱਲੇ ਰੱਖਿਆ ਅਤੇ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਮਹੱਤਵਪੂਰਨ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਨਵੀਆਂ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਲਈ ਵੀ ਸਹਿਮਤੀ ਦਿੱਤੀ।

ਦੋਵਾਂ ਧਿਰਾਂ ਨੇ ਇਹ ਗੱਲ ਦੁਹਰਾਈ ਕਿ ਉਭਰਦੀਆਂ ਅਨਿਸ਼ਚਿਤਤਾਵਾਂ ਅਤੇ ਅਸਥਿਰ ਵਿਸ਼ਵ ਸੁਰੱਖਿਆ ਮਾਹੌਲ ਦੇ ਮੱਦੇਨਜ਼ਰ ਭਾਰਤ ਅਤੇ ਫਰਾਂਸ ਦਰਮਿਆਨ UNSC ਅਤੇ ਹੋਰ ਬਹੁ-ਪੱਖੀ ਮੰਚਾਂ 'ਤੇ ਨੇੜਲੇ ਸਹਿਯੋਗ ਦੀ ਲੋੜ ਹੈ।

ਨਵੀਂ ਦਿੱਲੀ

5 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.